GMADA

# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ

ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

ਵੱਲ

**Chief Executive Officer**
**Central Govt. Employees Welfare Housing Organization**
**6th Floor, A-Wing, Janpath Bhawan, Janpath**
**New Delhi-110001**

ਪੱਤਰ ਨੰ: ਗਮਾਡਾ/ਮਿ.ਅ/2023/ 77003 ਮਿਤੀ 05/07/2023

ਵਿਸ਼ਾ:- **Approval of Proposed Building Plans of Central Govt. Employees Welfare Housing Organization, Sector-79, SAS Nagar.**

ਹਵਾਲਾ ਆਪ ਦੀ ਪ੍ਰਤੀਬੇਨਤੀ ਡਾਇਰੀ ਨੰ. 19031 ਮਿਤੀ 08.08.2019 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ **Central Govt. Employees Welfare Housing Organization, Sector-79, SAS Nagar** ਦੇ ਪ੍ਰਪੋਜਡ ਬਿਲਡਿੰਗ ਪਲੈਨ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਪਾਸ ਕੀਤੇ ਪ੍ਰਵਾਨ ਕੀਤੇ ਜਾਂਦੇ ਹਨ:-

1. ਚਾਰ ਦੀਵਾਰੀ ਅਤੇ ਗੇਟ ਸਟੈਂਡਰਡ ਡਿਜਾਇਨ ਅਨੁਸਾਰ ਹੋਣਾ ਚਾਹਿਦਾ ਹੈ।
2. ਬਿਲਡਿੰਗ ਆਕੂਪਾਈ ਕਰਨ ਤੋਂ ਪਹਿਲਾਂ ਫਾਇਰ ਸੇਫਟੀ ਸਬੰਧੀ ਜਿਲ੍ਹਾ ਫਾਇਰ ਅਫਸਰ ਤੋਂ ਲੋੜੀਦਾਂ ਐਨ.ਓ.ਸੀ. ਪ੍ਰਾਪਤ ਕੀਤਾ ਜਾਵੇਗਾ ਅਤੇ ਜਮ੍ਹਾ ਕਰਾਉਣ ਦੇ ਪਾਬੰਦ ਹੋਵੋਗੇ।
3. ਡੀ.ਪੀ.ਸੀ ਅਤੇ ਕੰਪਲੀਸ਼ਨ ਸਰਟੀਫਿਕੇਟ ਤਾਂ ਹੀ ਜਾਰੀ ਕੀਤਾ ਜਾਵੇਗਾ ਜੇਕਰ ਇਮਾਰਤ ਦੀ ਉਸਾਰੀ ਪ੍ਰਵਾਨ ਕੀਤੇ ਨਕਸ਼ੇ ਅਨੁਸਾਰ ਕੀਤੀ ਜਾਵੇਗੀ ਅਤੇ ਮੌਕੇ ਤੋਂ ਮਲਬਾ ਆਦਿ ਸਾਫ ਕੀਤਾ ਜਾਵੇਗਾ।
4. ਵਿਸੇ ਅਧੀਨ ਸਾਈਟ ਵਿੱਚ ਰੂਫ ਟਾਪ ਫੋਟੋਵੋਲਟਿਏਕ ਸੋਲਰ ਪੈਨਲਜ, ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਪੁੱਡਾ ਬਿਲਡਿੰਗ ਰੂਲਜ-2021 ਅਨੁਸਾਰ ਪ੍ਰੋਵੀਜਨ ਕੀਤੀ ਜਾਵੇਗੀ।
5. ਇਸ ਬਿਲਡਿੰਗ ਦੀ ਸਟਰਕਚਰਲ ਸੇਫਟੀ ਸਬੰਧੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ ਅਤੇ ਇਸ ਦੀ ਉਸਾਰੀ ਸਟਰਕਚਰਲ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇਗੀ ਅਤੇ ਜੇਕਰ ਉਸਾਰੀ ਕਰਦੇ ਸਮੇਂ ਬਿਲਡਿੰਗ ਵਿੱਚ ਕੋਈ ਰੱਦੋ ਬਦਲ ਕੀਤੀ ਜਾਂਦੀ ਹੈ ਤਾਂ ਉਸ ਦੀ ਰਿਵਾਇਜਡ ਪ੍ਰਵਾਨਗੀ ਕੰਪੀਟੈਂਟ ਅਥਾਰਟੀ ਤੋਂ ਲਈ ਜਾਵੇਗੀ।
6. ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ ਅਤੇ ਬਿਜਲੀ) ਸਟੈਂਡਰਡ ਨਾਰਮਜ (Latest Specifications) ਅਨੁਸਾਰ ਉਪਬੰਧ ਕਰਨ ਦੀ ਜਿੰਮੇਵਾਰੀ ਆਪ ਦੀ ਆਪਣੀ ਹੋਵੇਗੀ।
7. ਬਿਲਡਿੰਗ ਦੀਆਂ ਅੰਦਰੂਨੀ ਅਤੇ ਬਾਹਰੀ ਜਨ ਸਿਹਤ ਸੇਵਾਵਾਂ ਦੇ ਸਾਈਜ ਨਿਧਾਰਿਤ ਸਪੈਸੀਫਿਕੇਸ਼ਨਾਂ ਮੁਤਾਬਿਕ ਰੱਖੇ ਜਾਣ।
8. ਆਪ ਬਿਲਡਿੰਗ ਦੀ ਉਸਾਰੀ ਪ੍ਰਵਾਨਿਤ ਜੋਨਿੰਗ/ਬਿਲਡਿੰਗ ਪਲੈਨਾਂ ਅਨੁਸਾਰ ਹੀ ਕਰਨ ਦੇ ਪਾਬੰਦ ਹੋਵੋਂਗੇ।
9. ਆਪ ਬਿਲਡਿੰਗ ਦੀ ਉਸਾਰੀ ਸ਼ੁਰੂ ਕਰਨ ਤੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਲੋੜੀਂਦਾ ਐਨ.ਓ.ਸੀ/ਪਰਮਿਸ਼ਨ ਪ੍ਰਾਪਤ ਕਰਨ ਦੇ ਪਾਬੰਦ ਹੋਵੋਂਗੇ ਅਤੇ ਇਸ ਤੋਂ ਇਲਾਵਾ ਜੇਕਰ EIA ਦੀ ਜਰੂਰਤ ਹੋਵੇਗੀ ਤਾਂ EIA ਪ੍ਰਵਾਨਗੀ ਲੈਂਣ ਦੇ ਪਾਬੰਦ ਹੋਵੋਂਗੇ।
10. ਆਪ ਅੰਡਰ ਗਰਾਊਂਡ ਵਾਟਰ ਸਬੰਧੀ ਮੁੱਖ ਪ੍ਰਸ਼ਾਸ਼ਕ, ਪੁੱਡਾ, ਐਸ.ਏ.ਐਸ.ਨਗਰ ਵਲੋਂ ਜਾਰੀ ਪੱਤਰ ਨੰ ਪੁੱਡਾ/ਸੀ.ਏ/2013/ 1713-16 ਮਿਤੀ 27.02.2013 ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਂਗੇ।
11. ਮੁੱਖ ਇੰਜੀਨੀਅਰ, ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਪੰਜਾਬ ਜੀ ਦੇ ਪੱਤਰ ਨੰ. 2476-83 ਮਿਤੀ 04.09.2019 ਅਨੁਸਾਰ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਲੀਸ਼ਨ ਸਰਟੀਫਿਕੇਟ ਲੈਣ ਤੋਂ ਪਹਿਲਾਂ ਪੰਜਾਬ ਮਾਈਨਜ ਮਿਨਰਲਸ ਰੂਲਜ-2013 ਅਧੀਨ ਕੇ-2 ਪਰਮਿਟ ਮਾਈਨਜ ਅਤੇ ਜਿਆਲੋਜੀ ਵਿਭਾਗ ਤੋਂ ਜਾਰੀ ਕਰਵਾਇਆ ਜਾਵੇ ਅਤੇ ਬਣਦੀ ਰਾਇਲਿਟੀ, ਡੀ.ਐਮ.ਐਫ, ਈ.ਐਮ.ਐਫ ਅਤੇ ਟੀ.ਸੀ.ਐਸ ਦੀ ਰਕਮ ਸਬੰਧਤ ਦਫਤਰ ਵਿਖੇ ਜਮ੍ਹਾ ਕਰਵਾਉਣ ਯਕੀਨੀ ਬਣਾਇਆ ਜਾਵੇ।
12. ਆਪ ਬਿਲਡਿੰਗ ਦੀ ਉਸਾਰੀ ਦੀ ਦੇਖ ਰੇਖ ਕਰਨ ਦੀ ਸਰਕਾਰ ਵਲੋਂ ਜਾਰੀ ਐਕਸ਼ਨ ਪਲੈਨ ਮੀਮੋ ਨੰ. 17/20/2016-1 ਐਚ.ਜੀ.2/1112 ਮਿਤੀ 02.03.2017 ਦੀਆਂ ਸਿੱਖਿਆਵਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਉਗੇ।



Scanned by CamScanner

13. ਆਪ ਬਿਲਡਿੰਗ ਰੂਲਜ਼-2021 ਵਿਚ ਕੀਤੇ ਗਏ ਉਪਬੰਧ ਦੀ ਪ੍ਰਤੀਪੂਰਤੀ ਕਰਨ ਦੇ ਪਾਬੰਦ ਹੋਵੋਗੇ।
14. ਸਮੇਂ ਸਮੇਂ ਤੇ ਦਿੱਤੀਆਂ ਹਦਾਇਤਾਂ ਅਨੁਸਾਰ ਆਪ ਹੋਰਾਂ ਵਿਭਾਗਾਂ ਵੱਲੋਂ ਲੋੜੀਂਦੇ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਇਸ ਦਫਤਰ ਵਿਖੇ ਜਮ੍ਹਾ ਕਰਾਉਣ ਦੇ ਪਾਬੰਦ ਹੋਵੋਗੇ।
15. ਜੇਕਰ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਬਕਾਇਆ ਰਕਮ ਨਿੱਕਲਦੀ ਹੈ ਤਾਂ ਆਪ ਉਸ ਨੂੰ ਜਮ੍ਹਾਂ ਕਰਾਉਣ ਦੇ ਪਾਬੰਦ ਹੋਵੋਗੇ।
16. ਜੇਕਰ ਆਪ ਵਲੋਂ ਉਸਾਰੀ ਕਰਦੇ ਸਮੇਂ ਮੌਕੇ ਤੇ ਤਬਦੀਲੀ ਕੀਤੀ ਜਾਂਦੀ ਹੈ ਤਾਂ ਆਪ ਰਿਵਾਈਜਡ ਨਕਸ਼ੇ ਪਾਸ ਕਰਾਉਣ ਦੇ ਪਾਬੰਦ ਹੋਵੋਗੇ।
17 ਬਿਲਡਿੰਗ ਅੰਦਰ ਪੀਣ ਲਈ ਸਟੋਰ ਕੀਤੇ ਗਏ ਪਾਣੀ ਦੀ disinfection ਲਈ ਲੋੜੀਂਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।
18 ਐਸ.ਟੀ.ਪੀ ਤੋਂ ਟ੍ਰੀਟ ਕੀਤੇ ਗਏ ਟ੍ਰੀਟਡ ਵਾਟਰ ਨੂੰ ਫਲੱਸ਼ਿੰਗ ਅਤੇ ਹੋਰ ਨੋਨ ਪੋਟੇਬਲ ਮੰਤਵ ਲਈ ਹੀ ਵਰਤਿਆ ਜਾਵੇਗਾ।
19 **Solid Waste Management Rules-2016 (with latest amendments)** ਅਨੁਸਾਰ **Solid Waste** ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ।
20 ਰੇਨ ਹਾਰਵੈਸਟਿੰਗ/ਰੀ-ਚਾਰਜਵੈੱਲ ਦੀ ਸਮੇਂ ਸਮੇਂ ਸਿਰ ਸਫਾਈ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਸਾਰੇ ਰੀ-ਚਾਰਜਵੈੱਲਾਂ ਨੂੰ ਚਾਲੂ ਹਾਲਤ ਵਿਚ ਰੱਖਿਆ ਜਾਵੇ।
21 ਆਪ ਗਮਾਡਾ ਤੋਂ ਇਲਾਵਾ ਹੋਰ **Statuary authorities** ਤੋਂ ਲੋੜੀਂਦੀ ਪ੍ਰਵਾਨਗੀ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇ ਅਤੇ ਉਨ੍ਹਾਂ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਸ਼ਰਤਾਂ ਨੂੰ ਮੰਨਣ ਲਈ ਵੀ ਪਾਬੰਦ ਹੋਵੇਗਾ।
22 ਆਪ NBC-2016 ਦੇ ਉਪਬੰਧਾਂ ਅਨੁਸਾਰ ਸਾਈਟ / ਬਿਲਡਿੰਗ ਵਿਚ Equipment/Services ਲਈ ਮੁਕੰਮਲ ਉਪਬੰਧ ਕਰਨ ਲਈ ਪਾਬੰਦ ਹੋਵੋਗੇ।
23 ਬਿਲਡਿੰਗ ਵਿਚ ਜਨ ਸਹੂਲਤਾਂ (Public Health & Electricity), Sewerage Solid Waste Disposal,Solar Water Heating & Rain Water Havesting System ਦੀ ਸਟੈਂਡਰਡ ਨਾਰਮਜ ਅਨੁਸਾਰ ਉਪਬੰਧ ਕਰਨ ਦੀ ਜ਼ਿੰਮੇਵਾਰੀ ਪ੍ਰਾਰਥੀ ਦੀ ਹੋਵੇਗੀ।
24 ਪ੍ਰਾਰਥੀ ਨੂੰ ਉਪਰੋਕਤ ਬਿਲਡਿੰਗ ਦੀ ਉਸਾਰੀ ਜਾਂ ਇਸ ਦੀ ਵਰਤੋਂ ਸਬੰਧੀ ਜੇਕਰ ਕੋਈ ਕਾਨੂੰਨੀ ਪ੍ਰਵਾਨਗੀ ਕਿਸੇ ਕਾਨੂੰਨ ਜਾਂ ਹਦਾਇਤਾਂ ਅਨੁਸਾਰ ਲੋੜੀਂਦੀ ਹੋਵੇਗੀ, ਉਹ ਪ੍ਰਾਰਥੀ ਵੱਲੋਂ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇਗੀ। ਜੇਕਰ ਉਪਰੋਕਤ ਦਰਸਾਏ ਚਾਰਜਿਜ ਤੋਂ ਇਲਾਵਾ ਪ੍ਰਾਰਥੀ ਵੱਲ ਕੋਈ ਹੋਰ ਰਕਮ ਬਕਾਇਆ ਨਿਕਲ ਆਉਂਦੀ ਹੈ ਤਾਂਪ੍ਰਾਰਥੀ ਅਦਾ ਕਰਨ ਦਾ ਪਾਬੰਦ ਹੋਵੇਗਾ।
25 **Indian Institute of Technology (IIT), Roorkee** ਵਲੋਂ ਜਾਰੀ ਕੀਤੇ ਗਏ ਸਟਰੱਕਚਰ ਡਿਜਾਈਨ ਅਤੇ ਡਰਾਇੰਗਾਂ ਸਬੰਧੀ ਮਿਤੀ 05.12.2022 ਰਾਹੀਂ ਜਾਰੀ ਕੀਤੇ ਸਰਟੀਫਿਕੇਟ ਦੇ ਉਪਬੰਧਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।
26 ਬਿਲਡਿੰਗ ਦੀ ਹਾਈਟ ਜੇਕਰ 15 ਮੀਟਰ ਤੋਂ ਵੱਧ ਉਸਾਰੀ ਕੀਤੀ ਜਾਂਦੀ ਹੈ ਤਾਂ ਆਪ Indian Air Force (IAF), ਵਲੋਂ ਪ੍ਰਮੋਟਰ ਨੂੰ ਜਾਰੀ ਪੱਤਰ ਨੰ.WAC/S5016/2/ATS (93/21) dated 17.05.2021 ਰਾਹੀਂ ਜਾਰੀ ਪੱਤਰ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

Although due care has been taken while approving the Building Plans as per technical norms and title of land but this approval of land, but this approval is not providing any right to applicant to violate any rules/guidelines of this department or any other department and also not provide any right for any illegal contstruction. 'n case any violation found at any stage, you shall be liable to get the building plan revised accordingly immediately.

This approval is subject to decision of any court case prevailing in any Hon'ble court of Law, if any.

ਮਿਲਖ ਅਫਸਰ
ਗਮਾਡਾ, ਐਸ.ਏ.ਐਸ.ਨਗਰ



Scanned by CamScanner

GMADA
# ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ
ਸੈਕਟਰ 62, ਐਸ.ਏ.ਐਸ ਨਗਰ
( www.gmada.gov.in )

ਪਿੱਠ.ਅੰਕਣ.ਨੰ: ਗਮਾਡਾ/ਮਿ.ਅ./2023/ ਮਿਤੀ -

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਸਹਾਇਕ ਕਿਰਤ ਕਮਿਸਨਰ, ਡੀ.ਏ.ਸੀ. ਕੰਪਲੈਕਸ, ਸੈਕਟਰ-76, ਐਸ.ਏ.ਐਸ.ਨਗਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ **Central Govt. Employees Welfare Housing Organization, Sector-79, SAS Nagar** ਦੀ ਸਾਈਟ ਦਾ ਏਰੀਆ (5.64 ਏਕੜ) ਹੈ। ਉਕਤ ਸਾਈਟ ਦੇ ਪਾਸ ਕੀਤੇ ਜਾ ਰਹੇ ਪ੍ਰਪੋਜ਼ਡ ਬਿਲਡਿੰਗ ਪਲੈਨ ਵਿੱਚ 919678.12 ਵ:ਫੁੱਟ ਕਵਰਡ ਏਰੀਆ ਪਾਸ ਕੀਤਾ ਜਾ ਰਿਹਾ ਹੈ ਅਤੇ ਜਿਸ ਦਾ ਲੇਬਰ ਸੈੱਸ 82,77,103/-ਰੁਪਏ ਬਣਦਾ ਹੈ। ਜਿਸ ਸਬੰਧੀ ਅਲਾਟੀ ਵਲੋਂ Punjab Building and Other construction workers welfare board ਪਾਸ Ref No. 13516 dated 21.12.2022 ਰਾਹੀਂ 33,52,259/-ਰੁਪਏ ਜਮ੍ਹਾ ਕਰਵਾਏ ਗਏ ਹਨ ਅਤੇ 46,54,530/-ਰੁਪਏ ਰਸੀਦ ਨੰ. 28753 ਮਿਤੀ 12.09.2019 ਅਤੇ 2,70,314/-ਰੁਪਏ ਰਸੀਦ ਨੰ. 137749 ਮਿਤੀ 14.03.2023 ਰਾਹੀਂ ਗਮਾਡਾ ਪਾਸ ਜਮ੍ਹਾ ਕਰਵਾਏ ਗਏ ਹਨ।

2 ਸੀਨੀਅਰ ਲੇਖਾ ਅਫਸਰ (ਰਿਕਵਰੀ), ਦਫ: ਮਿਲਖ ਅਫਸਰ, ਗਮਾਡਾ, ਐਸ.ਏ.ਐਸ.ਨਗਰ ਜੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਲਾਟੀ ਵਲੋਂ ਸਕਰੂਟਨੀ ਫੀਸ ਵਜੋਂ 25,64,334/-ਰੁਪਏ ਜਿਸ ਸਬੰਧੀ ਅਲਾਟੀ ਵਲੋਂ 9,31,183/-ਰੁਪਏ ਰਸੀਦ ਨੰ. 13591 ਮਿਤੀ 26.05.2015, 13,10,400/-ਰੁਪਏ ਰਸੀਦ ਨੰ **28753** ਮਿਤੀ 12.09.2019 ਅਤੇ 3,22,751/-ਰੁਪਏ ਰਸੀਦ ਨੰ. 137749 ਮਿਤੀ 14.03.2023 ਰਾਹੀਂ ਗਮਾਡਾ ਪਾਸ ਜਮ੍ਹਾ ਕਰਵਾਏ ਗਏ ਹਨ। ਜਿਸ ਵਿਚੋਂ ਅੱਧੀ ਫੀਸ ਮੁੱਖ ਨਗਰ ਯੋਜਨਾਕਾਰ,ਪੰਜਾਬ ਜੀ ਨੂੰ ਟਰਾਂਸਫਰ ਕੀਤੀ ਜਾਵੇ ਜੀ।

3 Executive Engineer, Drainage-cum-Mining Division, SAS Nagar, Plot No. B-65, Indsutrial Area, Phase-7, SAS Nagar ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮਾਈਨਿੰਗ ਸਬੰਧੀ **723854/-**ਰੁਪਏ ਬਣਦੇ ਹਨ, ਜੋ ਕਿ ਅਲਾਟੀ ਵਲੋਂ ਰਸੀਦ ਨੰ. 137992 ਮਿਤੀ 11.04.2023 ਰਾਹੀਂ ਇਸ ਦਫਤਰ ਵਿਖੇ ਜਮ੍ਹਾ ਕਰਵਾਏ ਗਏ ਹਨ। ਜੇਕਰ ਅਲਾਟੀ ਵਲੋਂ ਕੋਈ ਰਕਮ ਬਕਾਇਆ ਨਿੱਕਲਦੀ ਹੈ ਤਾਂ ਆਪਣੇ ਪੱਧਰ ਤੇ ਵਸੂਲ ਕਰ ਲਈ ਜਾਵੇ ਅਤੇ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ਜੀ।

**ਮਿਲਖ ਅਫਸਰ**
**ਗਮਾਡਾ, ਐਸ.ਏ.ਐਸ.ਨਗਰ**



Scanned by CamScanner